**Scholarly Research Journal for Humanity Science & English Language,**
**Online ISSN 2348-3083, SJ IMPACT FACTOR 2021: 7.278, www.srjis.com**
PEER REVIEWED & REFEREED JOURNAL, OCT-NOV, 2021, VOL-9/48

# ਬਲਜੀਤ ਕੌਰ ਬਲੀ ਦੇ ਨਾਵਲ 'ਠਰੀ ਰਾਤ' ਦਾ ਸਮਾਜਿਕ ਚਿਤਰਣ

**ਹਰਪ੍ਰੀਤ ਕੌਰ**
**ਰੋਲ ਨੰ: 1636180002, ਪੀ-ਐਚ.ਡੀ (ਪੰਜਾਬੀ), ਰਿਸਰਚ ਸਕਾਲਰ, ਪੰਜਾਬੀ ਵਿਭਾਗ**
**ਰਿਮਟ ਯੂਨਿਵਰਸਿਟੀ, ਮੰਡੀ ਗੋਬਿੰਦਗੜ**

**Paper Received On:** 25 NOV 2021
**Peer Reviewed On:** 30 NOV 2021
**Published On:** 1 DEC 2021

***Scholarly Research Journal's* is licensed Based on a work at *www.srjis.com***

ਬਲਜੀਤ ਕੌਰ ਬਲੀ ਦਾ ਨਾਵਲ 'ਠਰੀ ਰਾਤ' ਪੇਂਡੂ ਸਮਾਜ ਵਿੱਚ ਕਿਸਾਨੀ ਜੀਵਨ ਦੀਆਂ ਤੰਗੀਆ-ਤੁਰਸ਼ੀਆ ਨੂੰ ਪੇਸ਼ ਕਰਦਾ ਹੈ। ਮੰਦੀ ਆਰਥਿਕ ਸਥਿਤੀ ਵਿੱਚ ਔਰਤ ਅਤੇ ਮਰਦ ਦੋਵੇਂ ਹੀ ਤ੍ਰਾਸਦੀ ਭੋਗਦੇ ਹਨ। ਲੇਖਿਕਾ ਨੇ ਨਾਵਲ ਦੀ ਭੂਮਿਕਾ ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਹ ਇਕੱਲੇ ਨਿਮਨ ਕਿਸਾਨ ਸ਼੍ਰੇਣੀ ਦੇ ਔਰਤ ਜਾਂ ਮਰਦ ਪਾਤਰ ਦੀ ਗੱਲ ਨਹੀਂ ਕਰਦੀ ਸਗੋਂ ਸਮੁੱਚੇ ਪੰਜਾਬੀ ਪੇਂਡੂ ਵਰਗ ਦੀ ਕਹਾਣੀ ਨੂੰ ਪੇਸ਼ ਕਰਦੀ ਹੈ:

> "ਕਿ ਮੈਂ ਇਸ ਨਾਵਲ ਵਿੱਚ ਕਿਸੇ ਇਕ
> ਔਰਤ ਤੇ ਜਾਂ ਮਰਦ ਦੀ ਗੱਲ ਨਹੀਂ ਕੀਤੀ
> ਬਲਕਿ ਠਰੇ ਹੋਏ ਸਮਾਜ ਦੀ ਗੱਲ ਕੀਤੀ ਹੈ।
> ਜਿਸ ਵਿਚ ਔਰਤ ਤੇ ਮਰਦ ਦੋਵੇਂ ਠਰੇ ਰਹੇ ਸਨ।"[1]

*Copyright © 2021, Scholarly Research Journal for Humanity Science & English Language*

'ਠਰੀ ਰਾਤ' ਨਾਵਲ ਵਿੱਚ ਬਲਜੀਤ ਕੌਰ ਬਲੀ ਨੇ ਪੇਂਡੂ ਸੱਭਿਆਚਾਰ ਨੂੰ ਉਲੀਕਿਆ ਹੈ। ਨਾਵਲ ਦਾ ਮੁੱਖ ਪਾਤਰ ਸਰਵਣ ਹੈ ਉਹ ਖੇਤਾਂ ਵਿੱਚ ਅੱਧੀ-ਅੱਧੀ ਰਾਤ ਤੱਕ ਅਣਥੱਕ ਮਿਹਨਤ ਕਰਦਾ ਹੈ। ਜਿਸਦੇ ਬਾਵਜੂਦ ਉਸਦੀ ਸਥਿਤੀ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ। ਜਿਸ ਦਾ ਵੇਰਵਾ ਇਸ ਪ੍ਰਕਾਰ ਹੈ:

"ਪਾਣੀ ਦੀ ਵਾਰੀ ਲਾ ਕੇ ਆਇਆ ਸਰਵਣ ਸੁੰਨ
ਹੋਇਆ ਪਿਆ ਸੀ ਉਤੋਂ ਬੇਬੇ ਦੀ ਕੜੈਂ ਕੜੈਂ
ਸੁਣ ਕੇ ਉਸ ਦਾ ਜੀਆ ਕੀਤਾ ਲਾਗਲੇ ਖੂਹ
ਵਿਚ ਜਾ ਛਾਲ ਮਾਰੇ। ਪਰ ਦੂਜੇ ਹੀ ਪਲ
ਜਦੋਂ ਮੰਜਿਆਂ ਦੀ ਭਰੀ ਸਬਾਤ ਵਿਚ ਉਸਦਾ
ਪੈਰ ਅੜਕਿਆ ਤਾਂ ਉਸਦਾ ਚਿੱਤ ਹੋਰੂੰ ਹੋਰੂੰ
ਹੋ ਗਿਆ। ਬੇਬੇ ਦੀ ਕੋਠੜੀ ਮੂਹਰੇ ਦੀ ਹੁੰਦਾ
ਉਹ ਪਿਛਲੀ ਡੂੰਘੀ ਸਬਾਤ ਵਿਚ ਉਤਰਿਆ। ਸੰਦੂਕ
ਪਿਛਲੀ ਖੱਲ ਵਿੱਚ ਕਹੀ ਸੁੱਟ ਉਹ ਮੁੜ ਵੱਡੀ ਸਬਾਤ
ਵਿਚ ਆ ਗਿਆ।"[2]

ਇਸ ਨਾਵਲ ਵਿੱਚ ਪੇਂਡੂ ਕਿਸਾਨ ਸ਼੍ਰੇਣੀ ਦੀ ਆਰਥਿਕ ਮੰਦਹਾਲੀ ਸਥਿਤੀ ਦੇਖਣ ਨੂੰ ਮਿਲਦੀ ਹੈ ਜਦੋਂ ਸਰਵਣ ਸਰਦ ਰੁੱਤ ਵਿੱਚ ਖੇਤਾਂ ਨੂੰ ਪਾਣੀ ਦੀ ਵਾਰੀ ਲਾ ਕੇ ਆਪਣੇ ਘਰ ਨੂੰ ਮੁੜੀ ਆਉਂਦਾ ਹੈ ਤਾਂ ਉਹ ਆਪਣੇ ਮਨ ਹੀ ਮਨ ਘਰ ਦੀ ਸਥਿਤੀ ਬਾਰੇ ਸੋਚਦਾ ਹੈ:

"ਠਰੀ ਤੇ ਸੈਂ ਸੈਂ ਕਰਦੀ ਕਾਲੀ ਰਾਤ ਦੇ ਸੰਨਾਟੇ ਨੇ ਜਿਵੇਂ ਉਸਨੂੰ ਹੋਰ ਵੀ ਕੰਬਣੀ ਛੇੜ ਦਿੱਤੀ। ਉਸਨੇ ਆਪਣੇ ਮੋਢਿਆਂ ਉਤਲੇ ਮੈਲੇ ਤੇ ਘਸੇ ਪੁਰਾਣੇ ਜਿਹੇ ਖੇਸ ਦੀ

2

> ਬੁੱਕਲ ਹੋਰ ਪੀਚਣੀ ਮਾਰ ਲਈ। ਉਸਨੂੰ ਲੱਗਾ ਜਿਵੇਂ ਘਰ ਦੀ ਵਲਗਣ ਦੀ ਲੱਕ-ਲੱਕ ਜਿੱਡੀ ਕੰਧ ਬਡੀ ਓਪਰੀ ਤੇ ਬੇਪੜਦ ਹੋ ਗਈ ਹੋਵੇ ਤੇ ਗਿੱਲੀ ਕਿੱਕਰ ਦੇ ਟਾਕੀਆਂ ਵਾਲੇ ਚੀਚੂੰ ਚੀਚੂੰ ਕਰਦੇ ਦੋਵੇਂ ਫੱਟ ਹੋਰ ਵੀ ਬੌਨੇ/ਫਾਟਕਾਂ ਦੀਆਂ ਚੂਲਾਂ ਵੀ ਆਪਣੇ ਥਾਂ ਤੋਂ ਖਿਸਕ ਗਈਆਂ ਲੱਗੀਆਂ।"[3]

ਸਪੱਸ਼ਟ ਹੁੰਦਾ ਹੈ ਕਿ ਸਰਵਣ ਆਪਣੇ ਘਰ ਦੀ ਨੁਹਾਰ ਬਦਲਣ ਲਈ ਸੰਘਰਸ਼ ਕਰਦਾ ਹੈ। ਪ੍ਰੰਤੂ ਉਸਦੀ ਘਰ ਦੀ ਸਥਿਤੀ ਉਸੇ ਤਰ੍ਹਾਂ ਬਰਕਰਾਰ ਰਹਿੰਦੀ ਹੈ। ਉਸਨੇ ਆਪਣੇ ਬੱਚਿਆਂ ਨਾਲ ਨਾ ਕਦੇ ਲਾਡ-ਲਡਾਏ, ਨਾ ਕਦੇ ਮੇਲੇ ਲੈ ਕੇ ਗਿਆ। ਉਸਦੀ ਤ੍ਰਾਸਦੀ ਇਸ ਵਿਚੋਂ ਆਮ ਝਲਕਦੀ ਹੈ:

> "ਸਰਵਣ ਨੇ ਭਾਵੇਂ ਬੱਚਿਆਂ ਨੂੰ ਕਦੀ ਚੁੰਮਿਆ ਚੱਟਿਆ ਨਹੀਂ ਸੀ। ਕਦੀ ਲਾਡ ਨਹੀਂ ਸੀ ਲੜਾਏ। ਨਾ ਕਦੀ ਕਿਸੇ ਮੇਲੇ ਮੱਸਿਆ ਤੋਂ ਕੋਈ ਖੇਲ ਖਿਲੋਣੇ ਜਾਂ ਖਿੱਲਾਂ ਲੈ ਕੇ ਆਇਆ ਸੀ। ਨਾ ਹੀ ਕਦੀ ਮੰਡੀਓਂ ਪਰਤਣ ਲੱਗਿਆ ਕੁਛ ਹੋਰ ਲੈ ਕੇ ਆਇਆ ਸੀ।"[4]

ਸਰਵਣ ਦੇ ਦੁਖਾਂ ਦਾ ਭਾਰ ਉਦੋਂ ਹੋਰ ਵੱਧ ਜਾਂਦਾ ਹੈ ਜਦੋਂ ਉਸਦੀ ਧੀ ਸ਼ਮਿੰਦਰੋ ਦੇ ਨਜ਼ਾਇਜ਼ ਸੰਬੰਧਾਂ ਦਾ ਪਤਾ ਲਗਦਾ ਹੈ। ਔਰਤ ਮਰਦ ਦੇ ਨਜਾਇਜ਼ ਸਬੰਧਾਂ ਨੂੰ ਸਮਾਜ ਵਿੱਚ ਅਪ੍ਰਵਾਨ ਕੀਤਾ ਜਾਂਦਾ ਹੈ। ਸਾਡਾ ਸਮਾਜ ਔਰਤ ਦੇ ਬਾਹਰੀ ਰਿਸ਼ਤਿਆਂ ਨੂੰ ਸਵੀਕਾਰ ਨਹੀਂ ਕਰਦਾ। ਸਰਵਣ ਦੀ ਮਾਂ ਹਰਕੁਰ ਹਰ ਵੇਲੇ ਸੁਮਿੰਦਰੋ ਨੂੰ ਗਾਲਾਂ ਕੱਢਦੀ ਹੈ ਜਿਨ੍ਹਾਂ ਗਾਲ੍ਹਾ ਵਿੱਚ ਠੇਠ ਮਲਵਈ ਭਾਸ਼ਾ ਝਲਕਦੀ ਹੈ:

> "ਨੀ ਨਿੱਜੀ ਜੰਮੜੀਏ, ਮੈਂ ਤੇਰੇ ਜੰਮਦੀ
> ਦੇ ਗਲ ਗੂਠਾ ਦੇ ਦਿੰਦੀ ਨੀ.....!

---

3

4

*Copyright © 2021, Scholarly Research Journal for Humanity Science & English Language*

ਨੀ ਮੈਨੂੰ ਕੀ ਪਤਾ ਸੀ ਤੇਰੇ ਏਨ੍ਹਾਂ ਚੱਜਾਂ ਦਾ ਬਹੇਲੇ।"

"ਨੀ, ਕੀ ਪਤਾ ਸੀ ਮਾ ਆਲ਼ੇ ਭਰੇ ਕਾਰਿਆਂ ਦਾ....।"

"ਨੀ ਤੇਰੇ ਵੀ ਉਸੇ ਬਦਕਾਰ ਦਾ ਦੁੱਧ ਚੁੰਘਿਆ ਵਿਆ....।"[5]

ਮੱਸਿਆ ਤੋਂ ਕੋਈ ਖੇਲ੍ਹ ਖਿਲ੍ਹੌਣਾ ਨਾ ਖਿੱਲਾਂ

ਲੈ ਕੇ ਆਇਆ ਸੀ। ਨਾ ਹੀ ਕਦੀ ਮੰਡੀਓਂ

ਪਰਤਣ ਲੱਗਿਆ ਕੁਸ਼ ਹੋਰ ਲੈ ਕੇ

ਆਇਆ ਸੀ।"

ਸਰਵਣ ਦਾ ਸੁਭਾਅ ਮੰਦੀ ਆਰਥਿਕ ਸਥਿਤੀ ਕਾਰਨ ਗੁਸੈਲਾ ਹੋ ਜਾਂਦਾ ਹੈ ਜਿਸ ਕਾਰਨ ਉਹ ਆਪਣੀ ਪਤਨੀ ਸੰਤੋ ਦੀਆਂ ਸਰੀਰਕ ਤੇ ਮਾਨਸਿਕ ਭਾਵਨਾਵਾਂ ਦੀ ਤ੍ਰਿਪਤੀ ਕਰਨ ਤੋਂ ਅਸਮਰਥ ਹੋ ਜਾਂਦਾ ਹੈ ਔਰਤਾਂ ਦੀਆਂ ਭਾਵਨਾਵਾਂ/ਸੱਧਰਾਂ ਜੋ ਕਿ ਪੂਰੀਆਂ ਨਹੀਂ ਹੁੰਦੀਆਂ ਉਹ ਡਰਾਇਵਰ ਕਰਨੈਲ ਨਾਲ ਨੱਸ ਜਾਂਦੀ ਹੈ।

ਲੇਖਿਕਾ ਨੇ ਇਸ ਨਾਵਲ ਵਿੱਚ ਸਮਾਜਿਕ ਸੱਭਿਆਚਾਰ ਦੀ ਉਸ ਤਸਵੀਰ ਨੂੰ ਉਲੀਕਿਆ ਹੈ ਜਦੋਂ ਇੱਕ ਔਰਤ ਕਿਸੇ ਹੋਰ ਮਰਦ ਨਾਲ ਉੱਧਲ ਜਾਂਦੀ ਹੈ। ਉਸਦੇ ਉਧਲ ਜਾਣ ਮਗਰੋਂ ਪਰਿਵਾਰ ਨੂੰ ਸਮਾਜ ਵਿੱਚ ਨਮੋਸ਼ੀ ਭਰਿਆ ਜੀਵਨ ਬਤੀਤ ਕਰਨਾ ਪੈਂਦਾ ਹੈ। ਔਰਤ ਦਾ ਉਧਲ ਜਾਣਾ ਸਾਡੇ ਸਮਾਜ ਵਿੱਚ ਬੁਰਾ ਸਮਝਿਆ ਜਾਂਦਾ ਹੈ। ਇਸ ਸਮੇਂ ਪਰਿਵਾਰ ਸਮਝਦਾ ਹੈ ਕਿ ਸਰੀਕੇ ਵਿੱਚ ਨੱਕ ਵੱਢਿਆ ਗਿਆ। ਜਿਸ ਦਾ ਜ਼ਿਕਰ ਇਸ ਨਾਵਲ ਵਿਚੋਂ ਮਿਲਦਾ ਹੈ।

"ਸੰਤੋ ਨੇ ਤਾਂ ਜਮਾ ਦੀ ਕਿਸੇ ਥਾ ਜੋਗੇ

ਨੀ ਛੱਡੇ। ਜੰਮਿਆ ਨਾਲੋ ਛੋਟੇ ਕਰਤੇ

5

ਕਮਜਤ ਨੇ ਕਹਿੰਦੇ ਕਹਾਉਂਦੇ ਤੇਰੇ ਪਿਓ

ਦੀ ਦਾਹੜੀ ਰੋਲਤੀ।"[6]

ਸਪੱਸ਼ਟ ਹੈ ਕਿ ਮਰਦ ਇੱਕ ਪਾਸੇ ਤਾ ਸਮਾਜ-ਸਭਿਆਚਾਰ ਦੀਆਂ ਸ਼ਕਤੀਸ਼ਾਲੀ ਘਾੜ੍ਹਤਾ ਅਤੇ ਦੂਸਰੇ ਪਾਸੇ ਨਾਰੀ ਨਾਕਾਰਾਤਮਕ ਸੁਰ ਕਾਰਨ ਸਮਾਜ ਵਿਚੋਂ ਛੇਕਿਆ ਜਾਂਦਾ ਹੈ।

ਸਰਵਣ ਦੇ ਸਾਰੇ ਪਰਿਵਾਰ ਨੂੰ ਨਮੋਸ਼ੀ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਸਰਵਣ ਦੀ ਨਿਰਸੰਦੇਹ ਪੇਂਡੂ ਰੀਤੀ-ਰਿਵਾਜ਼ਾਂ ਅਨੁਸਾਰ ਵੱਡੀ ਭੈਣ ਦੀ ਮੌਤ ਹੋ ਜਾਣ ਜਾਂ ਕਿਸੇ ਆਪਣੀ ਮੱਤ-ਭੇਦ ਕਾਰਨ ਛੋਟੀ ਭੈਣ ਦਾ ਰਿਸ਼ਤਾ ਉਸਦੇ ਪਤੀ ਨਾਲ ਕਰ ਦਿੱਤਾ ਜਾਂਦਾ ਹੈ। ਇਸ ਮਰਿਆਦਾ ਨੂੰ ਮੁੱਖ ਰੱਖਦਿਆਂ ਭੰਤੀ ਦਾ ਵਿਆਹ ਸਰਵਣ ਨਾਲ ਕਰ ਦਿੱਤਾ ਜਾਂਦਾ ਹੈ। ਜਿਵੇਂ ਕਿ ਸਾਡੇ ਸਮਾਜ ਵਿੱਚ ਔਰਤ ਦੀਆਂ ਸੱਧਰਾ ਦਾ ਘਾਣ ਹੋਇਆ। ਉਸ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ ਅਤੇ ਔਰਤ ਦੀਆਂ ਸੱਧਰਾ ਮਨ ਵਿੱਚ ਰਹਿ ਜਾਂਦੀਆਂ ਹਨ, ਇਹੀ ਸਥਿਤੀ ਭੰਤੀ ਦੀ ਹੈ ਜੋ ਕਿ ਭੈਣ ਦੇ ਪਤੀ ਨਾਲ ਤੋਰ ਦਿੱਤੀ ਹੈ।

ਇਸ ਕਰੁਣਾਮਈ ਸਥਿਤੀ ਦੇ ਲੇਖਿਕਾ ਨੇ ਪੇਸ਼ ਕੀਤਾ ਹੈ।

"ਇਹ ਧੀ ਤਾਂ ਮੈਨੂੰ ਪੁੱਤਰਾਂ ਨਾਲੋਂ ਵੀ ਵੱਧ

ਪਿਆਰੀ ਸਰਵਣਾ। ਮੈ ਤਾਂ ਆਪਣੀ ਰਕਾਨ

ਧੀ ਨੂੰ ਕਿਸੇ ਸੁੱਖ ਜੇ ਆਲੇ ਘਰ....ਤੇ ਅੱਗੋਂ

ਉਸਦੀਆਂ ਅੱਖਾਂ ਵਿੱਚ ਮਲੋਮਲੀ ਪਾਣੀ ਭਰ

ਆਇਆ ਸੀ। ਨੱਕ ਜਿਹਾ ਸਿਣਕਦਿਆਂ

ਅਖੀਰ ਉਸਨੇ ਭੰਤੀ ਦੇ ਗਲ ਤੇ ਤਲਵਾਰ

ਸਰਦਿਆਂ ਕਹਿ ਹੀ ਦਿੱਤਾ ਸੀ, ਜਮਾਈ

6

*Copyright © 2021, Scholarly Research Journal for Humanity Science & English Language*

ਬਾਰੋਂ ਧੱਕਣਾ ਚੰਗਾ ਨੀ ਹੁੰਦਾ ਸਰਵਣਾ।"[7]

ਦੂਜੇ ਪਾਸੇ ਸਰਵਣ ਆਪਣੀ ਪਤਨੀ ਦੇ ਉਧਲਣ, ਸਮਿੰਦਰੋ ਦੇ ਪਾਲੇ ਨਾਲ ਨਜ਼ਾਇਜ ਸੰਬੰਧਾਂ ਕਾਰਨ ਸੁਮਿੰਦਰੋ ਦਾ ਵਿਆਹ ਦਹਾਜੂ ਜਰਨੈਲ ਸਿੰਘ ਨਾਲ ਕਰਦਾ ਹੈ ਕਿਉਂਕਿ ਸਾਡੇ ਸਮਾਜ ਵਿੱਚ ਨਜਾਇਜ਼ ਸੰਬੰਧਾਂ ਨੂੰ ਕਲੰਕ ਮੰਨਿਆ ਜਾਂਦਾ ਹੈ।

'ਠਰੀ ਰਾਤ' ਨਾਵਲ ਵਿੱਚ ਲੇਖਿਕਾ ਨੇ ਇਸਤਰੀ ਪਾਤਰਾਂ ਵਿੱਚ ਸੱਸ, ਸੌਕਣ, ਜਠਾਣੀ ਆਦਿ ਦੇ ਸੁਭਾਅ ਤੋਂ ਜਾਣੂ ਕਰਵਾਇਆ ਹੈ। ਸਾਡੇ ਸੱਭਿਆਚਾਰ ਵਿੱਚ ਨੂੰਹ-ਸੱਸ, ਦਰਾਣੀ-ਜਠਾਣੀ ਦਾ ਰਿਸ਼ਤਾ ਕੁੱੜਤਣ ਭਰਿਆ ਰਿਹਾ ਹੈ। ਸੱਸ ਦਾ ਨੂੰਹ ਉਪਰ ਜਠਾਣੀ ਦਾ ਦਰਾਣੀ ਉਪਰ ਰੋਅਬ ਰਿਹਾ ਹੈ।

ਇਹਨਾਂ ਰਿਸ਼ਤਿਆ ਨੂੰ ਵੀ ਬਾਖੂਬੀ ਨਾਲ ਚਿਤਰਿਆ ਗਿਆ ਹੈ ਸੰਤੋ ਆਪਣੀ ਸੱਸ ਦੇ ਕੱਬੇ ਸੁਭਾਅ ਦੀ ਸ਼ਿਕਾਰ ਹੈ। ਸਰਵਣ ਦੀ ਭੂਆ ਦਿਆਲੋ ਸਹੁਰੇ ਘਰ ਵਿੱਚ ਆਪਣੇ ਪੈਰ ਜਮਾਈ ਰੱਖਣ ਲਈ ਆਪਣੀ ਦਰਾਣੀ ਨੂੰ ਉਦੋਂ ਜਹਿਰ ਦਿੰਦੀ ਹੈ ਜਦੋਂ ਉਹ ਗਰਭਵਤੀ ਸੀ। ਕਰਨੈਲੋ ਦੀ ਸੌਕਣ ਸ਼ਮਿੰਦਰੋ ਨੂੰ ਉਸਦੇ ਪੇਟ ਦਰਦ ਹੋਣ ਤੇ ਗੋਲੀ ਮੰਗਣ ਦਿੰਦੀ ਹੈ; ਜਿਸਨੂੰ ਖਾਣ ਨਾਲ ਉਸਦਾ ਹੋਣ ਵਾਲਾ ਬੱਚਾ ਮਰ ਜਾਂਦਾ ਹੈ ਕਿਉਂਕਿ ਕਰਨੈਲੋ ਪੁੱਤਰ ਸੰਤਾਨ ਦੀ ਪੂਰਤੀਕਰਨ ਵਿੱਚ ਅਸਫ਼ਲ ਰਹੀ, ਜਿਸ ਕਰਕੇ ਉਹ ਸ਼ਮਿੰਦਰੋਂ ਦੀ ਕੁੱਖੋਂ ਵੀ ਨਰ ਸੰਤਾਨ ਪੈਦਾ ਨਹੀਂ ਹੋਣ ਦਿੰਦੀ, ਕਿਉਂਕਿ ਸਮਾਜ ਵਿੱਚ ਰੀਤ ਪ੍ਰਚਲਿਤ ਹੈ ਕਿ ਜਦੋਂ ਤੱਕ ਇਸਤਰੀ ਆਪਣੇ ਪਰਿਵਾਰ ਨੂੰ ਕੁੱਲ ਦਾ ਵਾਰਿਸ ਨਹੀ ਪ੍ਰਦਾਨ ਕਰਦੀ ਉਸਨੂੰ ਅਪੂਰਨ ਸਮਝਿਆ ਜਾਂਦਾ ਹੈ।

ਇਸ ਨਾਵਲ ਵਿੱਚ ਲੇਖਿਕਾ ਨੇ ਸਾਧੂ ਸਿੰਘ ਦੇ ਘਰ ਵਿੱਚ ਪਈਆਂ ਵਸਤੂਆਂ ਰਾਹੀਂ ਪੰਜਾਬੀ ਸਭਿਆਚਾਰ ਦੇ ਚਿੰਨ੍ਹਾਂ ਨੂੰ ਦਰਸਾਇਆ ਹੈ ਜਿਵੇਂ ਕਿ ਆਟਾ ਪਾਉਣ ਵਾਲੀਆਂ ਭੜੋਲੀਆਂ, ਭਾਂਡਿਆਂ ਦਾ ਟੋਕਰਾ, ਟਾਂਡੇ ਤੇ ਪਏ ਕਾਂਸੀ ਦੇ ਗਿਲਾਸ, ਰਜਾਈਆਂ, ਬਿਸਤਰਿਆਂ ਵਾਲਾ ਟੰਗਣਾ ਆਦਿ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

7

*Copyright © 2021, Scholarly Research Journal for Humanity Science & English Language*

"ਅੰਦਰ ਵੜਦਿਆਂ ਸੱਜੇ ਪਾਸੇ ਆਏ ਦਾਣੇ

ਲਈ ਉਵੇ ਦੋ ਪੋਚਾ ਮਾਰੀਆਂ ਭੜੋਲੀਆਂ

ਖੜ੍ਹੀਆਂ ਸਨ ਤੇ ਉਨ੍ਹਾਂ ਉਤੇ ਜਿਉ ਦਾ ਤਿਉਂ

ਭਾਂਡਿਆਂ ਦਾ ਟੋਕਰਾ ਵੀ ਪਿਆ ਸੀ।

ਖੱਬੇ ਪਾਸੇ ਚੱਕੀ ਦੀ ਮਾਤ ਆ ਵਿੱਚ

ਅੱਧ ਦਲੀ ਦਾਲ ਪਈ ਸੀ ਸਾਹਮਣੇ

ਪੰਡਾ ਦੇ ਦੋ ਚਾਰ ਕਾਂਸੀ ਦੇ ਉਹੀ ਪੁਰਾਣੇ

ਰਾਦੌਲੇ ਲਟਕ ਰਹੇ ਸਨ ਜਿਨ੍ਹਾਂ ਨੂੰ

ਚੂਹਿਆਂ ਦੇ ਟੁਕੜੇ ਡਰੋਂ ਟੰਗਣੇ ਤੇ

ਸਾਂਭਿਆ ਗਿਆ ਸੀ।"

ਲੇਖਿਕਾ ਦਾ ਇਸ ਨਾਵਲ ਵਿਚੋਂ ਪੇਂਡੂ ਅਨੁਭਵ ਬਹੁਤ ਗਹਿਰਾ ਸਪੱਸ਼ਟ ਹੁੰਦਾ ਹੈ ਉਸਨੇ ਰੁੱਤਾਂ ਨਾਲ ਸੰਬਧਿਤ ਪੇਂਡੂ ਜਿੰਦਗੀ ਨੂੰ ਚਿਤਰਿਆ ਹੈ। ਰੁੱਤਾਂ ਤੇ ਕੁਦਰਤ ਦਾ ਆਪਸ ਵਿੱਚ ਗਹਿਰਾ ਸੰਬੰਧ ਹੈ। ਜਿਵੇਂ ਤਪਦੀ ਦੁਪਹਿਰ ਵਿੱਚ ਬੋਹੜ ਦਾ ਦਰਖਤ ਛਾਂ ਦਿੰਦਾ ਹੈ ਤੇ ਮਨ ਨੂੰ ਸਕੂਨ ਦਿੰਦਾ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਜਿਵੇਂ:

> "ਸੂਰਜ ਤਪ ਰਿਹਾ ਸੀ। ਧਰਤੀ ਭੁੱਜੀ ਪਈ ਸੀ। ਖੁਸ਼ਕ ਅਤੇਤੱਤੀਆਂ ਲੋਆਂ ਪਿੰਡਿਆਂ ਨੂੰ ਝੁਲਸ ਰਹੀਆਂ ਸਨ। ਬਰਨੇ ਉੱਡ ਰਹੀ ਸੀ। ਲੋਹੜਿਆਂ ਦੀ ਗਰਮੀ ਸੀ। ਤਿੱਖੜ ਦੁਪਹਿਰੇ ਘਰਾਂ ਦਾ ਬੂਹਾ ਮੱਲੀ ਬੈਠੇ ਸਨ। ਪਿੰਡ ਦਾ ਚੌਣਾ ਦਰੱਖਤਾਂ ਦੀ ਘਣੀ ਛਾਂ ਹੇਠਾਂ ਬੈਠ ਦੇਖ ਅੰਦਰ ਨੂੰ ਠੰਢ ਪੈਂਦੀ ਸੀ। ਇਹੋ ਜਿਹੀ ਗਰਮੀ 'ਚ ਪਿੰਡ ਦੇ ਲੋਕ ਸਾਂਝੇ ਦਰਵਾਜਿਆਂ 'ਚ ਬਹਿਕੇ ਗੱਲੀਂ ਗੱਪੀ ਜੁਟੇ

*Copyright © 2021, Scholarly Research Journal for Humanity Science & English Language*

> ਦੁਪਹਿਰਾ ਕਟਦੇ ਸਨ। ਹਾੜ੍ਹੀ ਦੀ ਫਸਲ ਚੁੱਕੀ ਜਾ ਰਹੀ ਸੀ, ਸੌਣੀ ਦੀ ਬਜਾਈ ਅਜੇ ਸ਼ੁਰੂ ਨਹੀ ਸੀ ਹੋਈ। ਉਹਨੀ ਪੱਤੀ ਵਾਲੇ ਕੁੱਝ ਕੁ ਬੰਦਿਆਂ ਨੇ ਪੰਜ-ਚਾਰ ਬਾਲਟੀਆਂ ਪਾਣੀ ਦੀਆਂ ਛਿੜਕ ਕੇ ਦਰਵਾਜੇ 'ਚ ਮੰਜੀਆਂ ਡਾਹ ਲਈਆਂ ਸਨ। ਨਿੱਕੀ ਇੱਟ ਦਾ ਖੁੱਲ੍ਹਾ ਛੱਤਿਆ ਇਹ ਦਰਵਾਜਾ ਤੇ ਨਾਲ ਲੱਗਦੇ ਦੋ ਵੱਡੇ ਬੋਹੜ 'ਤੇ ਪਿੱਪਲ ਕਿਸੇ ਸਾਊ ਵੱਡੇ- ਵਡੇਰਿਆਂ ਦੀ ਯਾਦ ਨੂੰ ਮੁੜ ਤਾਜਾ ਕਰ ਰਹੇ ਸਨ। ਬੋਹੜ ਹੇਠ ਲੱਗਿਆ ਨਲ਼ਕਾ ਜਿੱਥੇ ਰਾਹਗੀਰਾਂ ਦੀ ਪਿਆਸ ਬੁਝਾਉਂਦਾ ਸੀ ਉਥੇ ਪਿੰਡ ਅਤੇ ਪੱਤੀ ਦਾ ਨਾਂ ਪਤਾ ਵੀ ਦਸਦਾ ਸੀ। ਕੁਝ ਥੱਕੇ ਹਾਰੇ ਕਾਮੇ ਦੁਪਹਿਰਾ ਕੱਟਣ ਲਈ ਪਰਨੇ ਵਿਛਾ ਬੋਹੜਾਂ ਦੀ ਜੜ੍ਹਾਂ 'ਚ ਸੁੱਤੇ ਪਏ ਸਨ।"[8]

ਬਲਜੀਤ ਕੌਰ ਬਲੀ ਦੇ ਨਾਵਲ ਵਿੱਚ ਪੇਂਡੂ ਸੰਸਕ੍ਰਿਤੀ ਦਾ ਵਰਣਨ ਮਿਲਦਾ ਹੈ। ਪੇਂਡੂ ਵਹਿਮਾਂ-ਭਰਮਾਂ ਨੂੰ ਅਖਾਣਾ ਸਹਿਤ ਚਿਤਰਿਆ ਗਿਆ ਹੈ। ਸਰਵਣ ਦੀ ਧੀ ਸ਼ਮਿੰਦਰੋ ਦੇ ਵਿਆਹ ਸਮੇਂ ਗਾਏ ਜਾਂਦੇ ਗੀਤਾਂ ਵਿਚੋਂ ਵੀ ਪੇਂਡੂ ਸਭਿਆਚਾਰ ਦੀ ਝਲਕ ਪੈਂਦੀ ਹੈ। ਜਿਵੇਂ ਕਿ ਕੁੜੀਆਂ ਦੇ ਵਿਆਹ ਸਮੇਂ ਉਨ੍ਹਾਂ ਦਾ ਸਿਰ ਵਧਾਉਣ ਦੀ ਰਸਮ ਨੂੰ ਪੂਰਾ ਕਰਨ ਲਈ ਇਹ ਗੀਤ ਗਾਏ ਜਾਂਦੇ ਹਨ ।

ਸ਼ਮਿੰਦਰੋ ਦੇ ਵਿਆਹ ਸਮੇਂ ਨ੍ਹਾਈ ਧੋਈ ਦੀਆਂ ਅਤੇ ਹੋਰ ਸ਼ਗਨਾਂ ਦੀਆਂ ਤਿਆਰੀਆਂ ਹੋ ਗਈਆਂ ਸਨ ਨ੍ਹਾਈ-ਧੋਈ ਦੇ ਗੀਤਾਂ ਵਿੱਚ ਰਿਸ਼ਤਿਆਂ ਨੂੰ ਯਾਦ ਕੀਤਾ ਜਾ ਰਿਹਾ ਸੀ। ਜਨਮ ਵਿਆਹ ਅਤੇ ਮੌਤ ਦਾ ਸਾਡੇ ਸਭਿਆਚਾਰ ਨਾਲ ਗਹਿਰਾ ਸਬੰਧ ਹੈ। ਰਸਮਾਂ ਸਬੰਧਤ ਇਹ ਲੋਕ-ਗੀਤ ਸਾਡੇ ਸੱਭਿਆਚਾਰ ਦਾ ਅਟੁੱਟ ਅੰਗ ਹਨ। ਮਨੁੱਖੀ ਜੀਵਨ ਤੋਂ ਲੈ ਕੇ ਮਰਨ ਤਕ ਰਸਮਾਂ ਵਿੱਚ ਪਰੋਇਆ ਹੋਇਆ ਹੈ।

'ਠਰੀ ਰਾਤ' ਨਾਵਲ ਵਿੱਚ ਲੇਖਿਕਾ ਨੇ ਹਰੁਕਰ ਦੇ ਮਰਨ ਸਮੇਂ ਮਜਲ ਦੇ ਪਿੱਛੇ ਬੁੜੀਆਂ ਵੈਣ ਪਾਉਦੀਆਂ ਨੂੰ ਸਿਰਜਿਆ ਹੈ। ਇਹ ਵੇਣ ਪੇਂਡੂ ਸੱਭਿਆਚਾਰ ਦੀ ਤਸਵੀਰ ਨੂੰ ਉਘਾੜਦੇ ਹਨ।

---

8

*Copyright © 2021, Scholarly Research Journal for Humanity Science & English Language*

ਹਰਕੁਰ ਸਿਵੇ ਦੀਆਂ ਲਾਟ ਦੀ ਲਪੇਟ ਵਿੱਚ ਆ ਜਾਣ ਤੋਂ ਬਾਅਦ ਆਦਮੀ ਅਤੇ ਔਤਰਾਂ ਟੋਭੇ ਦੇ ਪਾਣੀ 'ਚ ਹੱਥ ਪੈਰ ਧੋ ਕੇ ਸੁੱਚੇ ਹੋਣ ਲੱਗੇ, ਕੁਝ ਕੁ ਬੁੜੀਆਂ ਨੇ ਚੁੰਨੀ ਦੇ ਲੜਾਂ ਨੂੰ ਵੀ ਗਿੱਲਾ ਕੀਤਾ ਸੀ।

ਇਨਾਂ ਗੱਲਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪਿੰਡਾਂ ਵਿੱਚ ਵਿਆਹ ਸਮੇਂ ਸੁਹਾਗ, ਘੋੜੀਆਂ ਅਤੇ ਮੌਤ ਸਮੇਂ ਅਲਹੁਣੀਆਂ ਗਾਈਆਂ ਜਾਂਦੀਆ ਹਨ। ਇਹ ਨਾਵਲ ਪੇਂਡੂ ਠੇਠ ਬੋਲੀ ਵਿੱਚ ਸਿਰਜਿਆ ਨਜ਼ਰ ਆਉਂਦਾ ਹੈ ਅਤੇ ਇਸ ਵਿੱਚੋਂ ਸਾਡੇ ਸਭਿਆਚਾਰ ਦੀ ਝਲਕ ਮਿਲਦੀ ਹੈ। ਕਿਸਾਨੀ ਜੀਵਨ ਦਾ ਪੰਜਾਬੀ ਸੱਭਿਆਚਾਰ ਵਿੱਚ ਉੱਘਾ ਸਥਾਨ ਹੈ। ਸਾਡੀ ਖੇਤੀ ਪੰਜਾਬੀ ਸਮਾਜ ਦਾ ਅਟੁੱਟ ਅੰਗ ਹੈ।

ਲੇਖਿਕਾ ਨੇ ਪਿੰਡਾਂ ਵਿੱਚ ਕਿਸਾਨਾਂ ਦੀ ਨਿਘਰਦੀ ਆਰਥਿਕ ਸਥਿਤੀ ਨੂੰ ਵੀ ਸਾਡੇ ਸਾਹਮਣੇ ਪੇਸ਼ ਕੀਤਾ ਹੈ ਜਦੋਂ ਸ਼ਮਿੰਦਰੋ ਦੇ ਵਿਆਹ ਲਈ ਦਾਜ਼ ਪੇਟੀ ਵਿੱਚ ਪਾਇਆ ਜਾ ਰਿਹਾ ਸੀ। ਸਰਵਣ ਦੀ ਮੰਦੀ ਆਰਥਿਕ ਸਥਿਤੀ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਤੋਂ ਪਤਾ ਲਗਦਾ ਹੈ:

> "ਔਖਾ ਜਿਹਾ, 'ਆਹੋ' ਕਹਿੰਦਿਆਂ ਸ਼ਮਿੰਦਰੋ ਨੇ ਮਨ ਹੀ ਮਨ ਅੰਦਰ ਇਕ ਕਚੀਚੀ ਜਿਹੀ ਵੱਟੀ, ਲਗਦੀ ਗੋਟਿਆਂ ਦੀ ਰਮਾਲਾ ਜਾਣੀ ਭੱਜਿਆ ਜਾਂਦਾ। ਹੋਰ ਤਾਂ ਕਿਸੇ ਕੱਪੜੇ ਨੂੰ ਗੋਟਾ ਲੱਗਿਆ ਨੀ ਇਹਨੂੰ ਰਸਾਲੇ ਦੀ ਪਈ ਆਂ ਤੇ ਉਹ ਮੰਜੇ ਤੇ ਪਈ ਪਈ ਆਪਣੇ ਹੰਝੂ ਸੁੱਕਾ ਕੇ ਦਾਜ ਦੀ ਗਿਣਤੀ ਕਰਨ ਲੱਗੀ ਨਾ ਕੋਈ ਪੱਛੀਆ, ਨਾ ਕੋਈ ਕੱਤਵੀਆ ਨਾ ਕਿਸੇ ਕੱਪੜੇ ਨੂੰ ਲੈਸ ਲੱਗੀਆ, ਨਾ ਝਾਲਰ। ਨਾ ਸਿਲਮਾ ਨਾ ਸਤਾਰਾ ਆ। ਨਾ ਮਣਕੇ ਆ। ਨਾ ਮੋਤੀ ਆ। ਨਾ ਕਿਧਰੇ ਫੁੱਲ ਕੱਢੇ ਆ ਨਾ ਬੂਟੇ। ਨਾ ਕਿਸਰੇ ਕਿਸੇ ਕੱਪੜੇ ਨੂੰ ਗੋਟਾ ਲੱਗਿਆ ਨਾ ਪੱਠਾ। ਬਿਸਤਰੇ ਵੀ ਕੁੱਲ ਦੋ। ਗਜ਼ੂ ਸਿਆਲੂ ਕਰਕੇ ਚਾਰ **ਬਵਾਰੇ**। ਟੂੰਮ ਨਾ ਕੋਈ ਹੱਥ ਨੂੰ ਨਾ ਕੰਨ ਨੂੰ। ਸੂਟ

*Copyright © 2021, Scholarly Research Journal for Humanity Science & English Language*

ਵੀ ਕੁੱਲ ਸੱਤੇ। ਏਦੂੰ ਚੰਗਾ ਤਾਂ ਚੂਹੜੇ ਚਮਿਆਰ ਵੀ ਕਰ ਦਿੰਦੇ ਆ। ਏਦੂੰ ਬੌਤ੍ਹਾ ਤਾਂ ਕੁੜੀਆ ਛੂਛਕ 'ਚ ਲੈ ਜਾਂਦੀਆਂ।"

ਉਪਰੋਕਤ ਵੇਰਵਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਲੇਖਿਕਾ ਨੇ ਪੰਜਾਬੀ ਪੇਂਡੂ ਵਰਗ ਦੇ ਨਿਮਨ ਕਿਸਾਨ ਤੇ ਸਮਾਜ-ਸਭਿਆਚਾਰ ਦੇ ਵਾਸਤਵਿਕ ਰੂਪ ਨੂੰ ਮੂਰਤੀਮਾਨ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ।

## ਹਵਾਲੇ ਟਿੱਪਣੀਆਂ

ਬਲਜੀਤ ਕੌਰ ਬਲੀ, ਠਰੀ ਰਾਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, *1979*, ਪੰਨਾ-*12*
ਉਹੀ, ਪੰਨਾ-*25*
ਉਹੀ, ਪੰਨਾ-*25*
ਉਹੀ, ਪੰਨਾ-*91*
ਉਹੀ, ਪੰਨਾ-*19*
ਉਹੀ, ਪੰਨਾ-*52*
ਉਹੀ, ਪੰਨਾ-*62*
ਉਹੀ, ਪੰਨਾ-*63*

*Copyright © 2021, Scholarly Research Journal for Humanity Science & English Language*